REPRESENTATIVE FOR CHILDREN AND YOUTH
ਰੈਪਰੇਜ਼ਿਨਟੇਟਿਵ ਫਾਰ ਚਿਲਡਰਨ ਐਂਡ ਯੂਥ

# ਪੜਚੋਲ ਅਤੇ ਪੜਤਾਲਾਂ ਕਰਨਾ ਤੱਥ ਸ਼ੀਟ

## ਟੀਚਾ

ਸਰਕਾਰੀ ਸੇਵਾਵਾਂ ਲੈਣ ਵਾਲੇ ਬੱਚਿਆਂ ਅਤੇ ਜਵਾਨਾਂ ਦੀਆਂ ਮੌਤਾਂ ਅਤੇ ਸੱਟਾਂ ਦੀ ਪੜਤਾਲ ਕਰਦੀ ਹੈ ਤਾਂ ਜੋ ਇਹ ਪੱਕਾ ਹੋਵੇ ਕਿ ਅਸੀਂ ਇਨ੍ਹਾਂ ਘਟਨਾਵਾਂ ਤੋਂ ਸਿੱਖੀਏ।

## ਆਰ ਸੀ ਵਾਈ ਕੀ ਕਰਦਾ ਹੈ?

- ਮਨਿਸਟਰੀ ਔਫ ਚਿਲਡਰਨ ਐਂਡ ਫੈਮਿਲੀ ਡਿਵੈਲਪਮੈਂਟ (ਐੱਮ ਸੀ ਐੱਫ ਡੀ) ਤੋਂ ਸੇਵਾਵਾਂ ਲੈਣ ਵਾਲੇ ਕਿਸੇ ਬੱਚੇ ਜਾਂ ਜਵਾਨ ਦੀ ਜਦੋਂ ਮੌਤ ਹੁੰਦੀ ਹੈ ਜਾਂ ਉਹ ਗੰਭੀਰ ਰੂਪ ਵਿਚ ਜ਼ਖਮੀ ਹੁੰਦਾ/ਹੁੰਦੀ ਹੈ ਤਾਂ ਰੈਪਰੇਜ਼ਿਨਟੇਟਿਵ ਫਾਰ ਚਿਲਡਰਨ ਐਂਡ ਯੂਥ (ਆਰ ਸੀ ਵਾਈ) ਪੜਚੋਲ ਕਰਦਾ ਹੈ, ਪੜਤਾਲਾਂ ਕਰਦਾ ਹੈ ਅਤੇ ਸੇਵਾਵਾਂ ਵਿਚ ਸੁਧਾਰ ਕਰਨ ਲਈ ਸਿਫਾਰਸ਼ਾਂ ਕਰਦਾ ਹੈ ਤਾਂ ਜੋ ਭਵਿੱਖ ਵਿਚ ਅਜਿਹੀਆਂ ਸੱਟਾਂ ਜਾਂ ਮੌਤਾਂ ਤੋਂ ਰੋਕਥਾਮ ਕਰਨ ਵਿਚ ਮਦਦ ਹੋ ਸਕੇ।

## ਅਸੀਂ ਪੜਚੋਲ ਅਤੇ ਪੜਤਾਲ ਕਿਵੇਂ ਕਰਦੇ ਹਾਂ?

- ਪੜਚੋਲਾਂ ਅਤੇ ਪੜਤਾਲਾਂ ਕਈ ਰੂਪਾਂ ਵਿਚ ਹੋ ਸਕਦੀਆਂ ਹਨ। ਆਰ ਸੀ ਵਾਈ:
  - *ਰੁਝਾਨਾਂ ਦੀ ਪਛਾਣ ਕਰਨ ਲਈ ਇੱਕੋ ਜਿਹੀਆਂ ਹਾਲਤਾਂ ਵਾਲੀਆਂ ਸੱਟਾਂ ਜਾਂ ਮੌਤਾਂ ਦੀ ਗਿਣਤੀ ਦੀ ਜਾਣਕਾਰੀ ਦੀ ਪੜਚੋਲ ਕਰ ਸਕਦਾ ਹੈ*
  - *ਕਿਸੇ ਖਾਸ ਸੱਟ ਜਾਂ ਮੌਤ ਨਾਲ ਸੰਬੰਧਿਤ ਸਾਰੇ ਦਸਤਾਵੇਜ਼ਾਂ (ਡਾਕੂਮੈਂਟਸ) ਦੀ ਪੜਚੋਲ ਕਰ ਸਕਦਾ ਹੈ*
  - *ਕਿਸੇ ਮੌਤ ਜਾਂ ਸੱਟ ਦੀ ਪੂਰੇ ਦਰਜੇ ਦੀ ਪੜਤਾਲ ਕਰ ਸਕਦਾ ਹੈ ਜਿਸ ਵਿਚ ਗਵਾਹਾਂ ਨਾਲ ਇੰਟਰਵਿਊਆਂ ਕਰਨਾ ਵੀ ਸ਼ਾਮਲ ਹੈ।*
- ਜੇ ਲੋੜ ਪਵੇ ਤਾਂ ਗਵਾਹੀ ਦੇਣ ਵਾਸਤੇ ਮਜ਼ਬੂਰ ਕਰਨ ਲਈ ਆਰ ਸੀ ਵਾਈ ਕੋਲ ਕਾਨੂੰਨੀ ਤਾਕਤ ਹੈ।
- ਆਰ ਸੀ ਵਾਈ ਦੀਆਂ ਪੜਚੋਲਾਂ ਅਤੇ ਪੜਤਾਲਾਂ ਹੋਰ ਕਾਰਵਾਈਆਂ ਵਿਚ ਰੁਕਾਵਟ ਨਹੀਂ ਪਾ ਸਕਦੀਆਂ ਜਿਵੇਂ ਕਿ ਪੁਲੀਸ ਦੀਆਂ ਪੜਤਾਲਾਂ, ਐੱਮ ਸੀ ਐੱਫ ਡੀ ਦੇ ਰਿਵੀਊ, ਕਰਿਮੀਨਲ ਜਸਟਿਸ ਦੀਆਂ ਕਾਰਵਾਈਆਂ ਅਤੇ ਪੜਤਾਲਾਂ।

## ਗੰਭੀਰ ਸੱਟਾਂ ਅਤੇ ਮੌਤਾਂ ਨੂੰ ਕਿਵੇਂ ਸਾਡੇ ਸਪੁਰਦ (ਸਾਡੇ ਕੋਲ ਰੈਫਰ) ਕੀਤਾ ਜਾਂਦਾ ਹੈ?

- ਐੱਮ ਸੀ ਐੱਫ ਡੀ ਤੋਂ ਸੇਵਾਵਾਂ ਲੈ ਰਹੇ ਬੱਚਿਆਂ ਅਤੇ ਜਵਾਨਾਂ ਨਾਲ ਸੰਬੰਧਿਤ ਘਟਨਾਵਾਂ ਬਾਰੇ ਆਪਣੇ ਆਪ ਹੀ ਆਰ ਸੀ ਵਾਈ ਨੂੰ ਦੱਸਿਆ ਜਾਂਦਾ ਹੈ।
- ਬੱਚਿਆਂ ਅਤੇ ਜਵਾਨਾਂ ਬਾਰੇ ਬੀ. ਸੀ.ਵਿਧਾਨ ਸਭਾ ਵਿਚਲੀ ਸਾਰੀਆਂ ਪਾਰਟੀਆਂ ਦੀ ਸਲੈਕਟ ਸਟੈਂਡਿੰਗ ਕਮੇਟੀ ਵੀ ਆਰ ਸੀ ਵਾਈ ਨੂੰ ਬੱਚਿਆਂ ਅਤੇ ਜਵਾਨਾਂ ਦੀਆਂ ਸੱਟਾਂ ਅਤੇ ਮੌਤਾਂ ਦੀ ਪੜਤਾਲ ਕਰਨ ਲਈ ਕਹਿ ਸਕਦੀ ਹੈ।
- ਇਹ ਪੱਕਾ ਕਰਨ ਲਈ ਕਿ ਸਾਡੇ ਅੰਕੜੇ ਪੂਰੇ ਹੋਣ, ਆਰ ਸੀ ਵਾਈ ਨੇਮ ਨਾਲ ਸੱਟਾਂ ਅਤੇ ਮੌਤਾਂ ਦੀ ਗਿਣਤੀ ਦੀ ਐੱਮ ਸੀ ਐੱਫ ਡੀ ਅਤੇ ਬੀ ਸੀ ਕੌਰਨਰਜ਼ ਸਰਵਿਸ ਵਰਗੀਆਂ ਹੋਰ ਏਜੰਸੀਆਂ ਨਾਲ ਤੁਲਨਾ ਕਰਦਾ ਹੈ।

## ਪੜਚੋਲਾਂ ਅਤੇ ਪੜਤਾਲਾਂ ਕੌਣ ਕਰਦਾ ਹੈ?

- ਆਰ ਸੀ ਵਾਈ ਦੇ ਇਨਵੈਸਟੀਗੇਟਰ ਗੰਭੀਰ ਸੱਟਾਂ ਅਤੇ ਮੌਤਾਂ ਦੀ ਪੜਚੋਲ ਕਰਦੇ ਹਨ।
- ਵੱਖ ਵੱਖ ਖੇਤਰਾਂ ਦੇ ਮਾਹਰਾਂ ਦੀ ਇਕ ਟੀਮ, ਜਾਣਕਾਰੀ ਦਾ ਵਿਸ਼ਲੇਸ਼ਣ ਕਰਨ ਵਿਚ ਦਫਤਰ ਦੀ ਮਦਦ ਕਰਦੀ ਹੈ, ਨਿੱਜੀ ਕੇਸਾਂ ਅਤੇ ਇੱਕੋ ਜਿਹੇ ਕੇਸਾਂ ਦੇ ਗਰੁੱਪਾਂ ਤੋਂ ਮਿਲਣ ਵਾਲੇ ਸਬੂਤਾਂ ਦਾ ਪੜਚੋਲ ਕਰਨ ਲਈ ਮਿਲਦੀ ਹੈ।
- ਟੀਮ ਵਿਚ ਸ਼ਾਮਲ ਹਨ: ਐੱਮ ਸੀ ਐੱਫ ਡੀ ਅਤੇ ਬੀ ਸੀ ਕੌਰਨਰਜ਼ ਸਰਵਿਸ ਦੇ ਨੁਮਾਇੰਦੇ ਅਤੇ ਇਸ ਦੇ ਨਾਲ ਨਾਲ ਪਬਲਿਕ ਹੈਲਥ, ਮੈਡੀਸਨ, ਪਾਥੌਲੋਜੀ, ਅਬਰਿਜਨਲ ਮਸਲਿਆਂ, ਪੁਲੀਸ, ਵਿਦਿਆ, ਅਤੇ ਬੱਚਿਆਂ ਨੂੰ ਸੇਵਾਵਾਂ ਦੇਣ ਵਾਲੇ ਸਿਸਟਮ ਦੇ ਮਾਹਰ।

## ਅਸੀਂ ਕਿਸ ਤਰ੍ਹਾਂ ਰਿਪੋਰਟ ਕਰਦੇ ਹਾਂ?

- ਰੈਪਰੇਜ਼ਿਨਟੇਟਿਵ, ਪੜਚੋਲਾਂ ਅਤੇ ਪੜਤਾਲਾਂ ਦੇ ਨਤੀਜਿਆਂ ਦੀਆਂ ਰਿਪੋਰਟਾਂ, ਬੱਚਿਆਂ ਅਤੇ ਜਵਾਨਾਂ ਬਾਰੇ ਬੀ.ਸੀ.ਵਿਧਾਨ ਸਭਾ ਵਿਚਲੀ ਸਾਰੀਆਂ ਪਾਰਟੀਆਂ ਦੀ ਸਲੈਕਟ ਸਟੈਂਡਿੰਗ ਕਮੇਟੀ ਨੂੰ ਦਿੰਦਾ ਹੈ।
- ਪੜਚੋਲਾਂ ਅਤੇ ਪੜਤਾਲਾਂ ਦੇ ਨਤੀਜੇ ਆਮ ਪਬਲਿਕ ਨੂੰ ਵੀ ਦੱਸੇ ਜਾਂਦੇ ਹਨ।

ਮੁੱਖ ਦਫਤਰ
Suite 400, 1019 Wharf Street
Victoria, B.C.
V8W 2Y9
ਮੁੱਖ ਦਫਤਰ: 250-356-6710

ਟੋਲ ਫ੍ਰੀ: 1-800-476-3933
ਟੈਕਸਟ: 1-778-404-7161
ਫੈਕਸ: 250-356-0837
ਈਮੇਲ: rcy@rcybc.ca
ਵੈੱਬਸਾਈਟ: www.rcybc.ca

rcybc rcybcyouth
@rcybc @rcybcyouth
rcybcyouth